# ਸਿੱਖ ਵਿਰਸੇ ਦੀਆਂ ਸ਼ਹੀਦੀ ਪਰੰਪਰਾਵਾਂ ਦਾ ਗ਼ਦਰ ਲਹਿਰ ਦੀ ਪੱਤਰਕਾਰੀ ’ਤੇ ਪ੍ਰਭਾਵ

**By Gurvinder singh Dhaliwal**

ਪੰਜਾਬ ਉੱਪਰ ਅੰਗਰੇਜ਼ਾਂ ਦੇ ਕਬਜ਼ੇ ਮਗਰੋਂ ਵੱਖ-ਵੱਖ ਲਹਿਰਾਂ ਦੇ ਰੂਪ ਵਿਚ ਨਵੇਂ ਇਨਕਲਾਬ ਦੀ ਸ਼ੁਰੂਆਤ ਦਾ ਮੁੱਢ ਬੱਝਦਾ ਹੈ। ਪੰਜਾਬ ਦੇ ਵਾਸੀਆਂ ਦੇ ਅੰਗਰੇਜ਼ ਫ਼ੌਜ ਵਿਚ ਭਰਤੀ ਹੋਣ ਅਤੇ ਹੋਰਨਾਂ ਬਸਤੀਆਂ ’ਚ ਜਾ ਵਸਣ ਦੀ ਪ੍ਰਕਿਰਿਆ ਸ਼ੁਰੂ ਹੁੰਦੀ ਹੈ। ਇਹ ਸਮਾਂ ਇਤਿਹਾਸਕ ਤੌਰ ’ਤੇ ਪੁਨਰ ਜਾਗ੍ਰਿਤੀ ਲਹਿਰਾਂ ਦਾ ਦੌਰ ਦਾ ਵੀ ਹੈ। ਬਗ਼ਾਵਤ ਦੇ ਅਸਫ਼ਲ ਹੋਣ ਮਗਰੋਂ ਕਈ ਲਹਿਰਾਂ ਪੰਜਾਬ ਦੀ ਧਰਤੀ ਤੋਂ ਉੱਠੀਆਂ ਜਿਨ੍ਹਾਂ ਨੇ ਵਿਦੇਸ਼ੀ ਹਕੂਮਤ ਖਿਲਾਫ ਲੋਕਾਂ ਨੂੰ ਲਾਮਬੰਦ ਕੀਤਾ। ਹੁਣ ਆਰਥਿਕਤਾ ਦੇ ਨਾਲ-ਨਾਲ ਧਾਰਮਿਕ ਜਾਗਰੂਕਤਾ ਅਤੇ ਰਾਜਨੀਤਕ ਚੇਤਨਾ ਵੀ ਇਨ੍ਹਾਂ ਲਹਿਰਾਂ ਦੇ ਉਭਾਰ ਵਿਚ ਸਹਾਇਕ ਤੱਤ ਵਜੋਂ ਪ੍ਰਤੱਖ ਹੋਈ। ਇਸ ਪ੍ਰਸੰਗ ਵਿਚ ਨਾਮਧਾਰੀ ਲਹਿਰ ਜਿਸ ਨੂੰ ਕੂਕਾ ਲਹਿਰ ਵਜੋਂ ਵੀ ਜਾਣਿਆ ਜਾਂਦਾ ਹੈ, ਦੀ ਦੇਣ ਸਭ ਤੋਂ ਵੱਧ ਮੰਨੀ ਜਾ ਸਕਦੀ ਹੈ।1 ਉੱਤਰੀ ਅਮਰੀਕਾ ਦੀ ਧਰਤੀ ਤੇ ਮਗਰੋਂ ਜਾ ਕੇ ਜਨਮੀ ਇਨਕਲਾਬੀ ਗ਼ਦਰ ਲਹਿਰ ਦੀ ਸਥਾਪਨਾ ਲਈ ਕੂਕਾ ਲਹਿਰ ਨੂੰ ਆਧਾਰ ਮੰਨਿਆ ਜਾ ਸਕਦਾ ਹੈ, ਜਿਸ ਨੇ ਸਿੱਖੀ ਵਿਰਸੇ ਦੀਆਂ ਮੱਧਕਾਲੀਨ ਸ਼ਹੀਦੀ ਪਰੰਪਰਾਵਾਂ ਨੂੰ ਅੱਗੇ ਤੋਰਿਆ ਅਤੇ ਭਾਰਤ ਦੀ ਆਜ਼ਾਦੀ ਲਈ ਇਨਕਲਾਬੀ ਸੰਘਰਸ਼ ਦਾ ਸੱਚੇ ਅਤੇ ਸਹੀ ਤਰੀਕੇ ਨਾਲ ਮੁੱਢ ਬੰਨ੍ਹਿਆ। ਪੰਜਾਬ ਦੇ ਲੋਕਾਂ ਦੀ ਬਾਗ਼ੀ ਸੁਰ ਨੂੰ ਵੇਖਦਿਆਂ ਅੰਗਰੇਜ਼ ਹਾਕਮਾਂ ਨੇ ਉਨ੍ਹਾਂ ਨੂੰ ਕਾਬੂ ਕਰਨ ਲਈ ਕਈ ਤਰ੍ਹਾਂ ਦੇ ਹੀਲੇ-ਵਸੀਲੇ ਵਰਤਣੇ ਸ਼ੁਰੂ ਕਰ ਦਿੱਤੇ। ਇਸ ਸੰਬੰਧ ਵਿਚ ਅੰਗਰੇਜ਼ਾਂ ਦੀਆਂ ਹੋਰਨਾਂ ਬਸਤੀਆਂ ਤੇ ਰਾਜ ਸੱਤਾ ਕਾਇਮ ਰੱਖਣ ਲਈ ਪੰਜਾਬੀਆਂ ਨੂੰ ਭੇਜਿਆ ਜਾਣ ਲੱਗਾ ਅਤੇ ਉਨ੍ਹਾਂ ਦੀਆਂ ਬਗ਼ਾਵਤੀ ਸੁਰਾਂ ਨੂੰ ਦਬਾਉਣ ਲਈ ਬਾਹਰਲੇ ਮੁਲਕਾਂ ਦੀ ਵਿਧੀ ਵਰਤੋਂ ਵਿਚ ਲਿਆਂਦੀ ਗਈ। ਉੱਧਰ ਆਰਥਿਕ ਮੰਦਵਾੜੇ ਦਾ ਸ਼ਿਕਾਰ ਅਤੇ ਕਈ ਹੋਰਨਾਂ ਕਾਰਨਾਂ ਦੀ ਲਪੇਟ ’ਚ ਗ੍ਰਸੇ ਪੰਜਾਬੀਆਂ ਲਈ ਵੀ ਹੋਰ ਕੋਈ ਰਸਤਾ ਨਹੀਂ ਸੀ। ਵੀਹਵੀਂ ਸਦੀ ਦੇ ਆਰੰਭ ਵਿਚ ਪੰਜਾਬ ਦੇ ਰਾਜਸੀ ਅਤੇ ਆਰਥਿਕ ਕਾਰਨਾਂ ਨੇ ਹਜ਼ਾਰਾਂ ਕਿਸਾਨਾਂ ਨੂੰ ਮਜ਼ਬੂਰੀਆਂ ਕਰਕੇ ਆਪਣਾ ਪੇਟ ਪਾਲਣ, ਕਰਜ਼ੇ ਉਤਾਰਨ ਅਤੇ ਜੀਵਨ ਨੂੰ ਖੁਸ਼ਹਾਲ ਬਣਾਉਣ ਲਈ ਪ੍ਰਦੇਸ਼ਾਂ ਵੱਲ ਧੱਕ ਕੇ ਬਾਹਰ ਕੱਢਿਆ। ਇਨ੍ਹੀਂ ਦਿਨੀਂ ਅਮਰੀਕਾ ਅਤੇ ਕੈਨੇਡਾ ਵਿਚ ਸਰਮਾਏਦਾਰੀ ਢੰਗ ਉੱਤੇ ਨਵੀਆਂ ਜ਼ਮੀਨਾਂ ਆਬਾਦ ਹੋ ਰਹੀਆਂ ਸਨ। ਸਰਮਾਏਦਾਰਾਂ ਲਈ ਸਸਤੇ ਮਜ਼ਬੂਤ ਅਤੇ ਚੰਗੇ ਕਾਮੇ ਮਜ਼ਦੂਰਾਂ ਦੀ ਬਹੁਤ ਲੋੜ ਸੀ। ਪੰਜਾਬੀ ਕਿਸਾਨਾਂ ਨੂੰ ਜਦੋਂ ਕੈਨੇਡਾ ਤੇ ਅਮਰੀਕਾ ਵਿਚ ਮਜ਼ਦੂਰਾਂ ਦੀ ਲੋੜ ਅਤੇ ਉੱਥੇ ਪੰਜ ਛੇ ਛੇ ਰੁਪਏ ਰੋਜ਼ਾਨਾ ਹੀ ਮਜ਼ਦੂਰੀ ਦੀ ਸੂਹ ਲੱਗੀ ਤਾਂ ਉਨ੍ਹਾਂ ਉੱਧਰ ਨੂੰ ਵਹੀਰਾਂ ਘੱਤ ਦਿੱਤੀਆਂ।[2] ਇਹ ਉਹ ਸਮਾਂ ਸੀ ਜਦੋਂ ਅੰਗਰੇਜ਼ਾਂ ਦੀ ਫ਼ੌਜ ਵਿਚ ਭਰਤੀ ਪੰਜਾਬੀਆਂ ਨੂੰ ਪੂਰਬੀ ਅਫ਼ਰੀਕਾ, ਮਿਸਰ, ਬਰਮਾ, ਚੀਨ, ਈਰਾਨ ਅਤੇ ਭਾਰਤ ਦੀ ਪੱਛਮੀ ਸਰਹੱਦ ਉੱਤੇ ਲੜਾਈਆਂ ਲਈ ਭੇਜਿਆ ਜਾਂਦਾ ਰਿਹਾ ਅਤੇ ਇਨ੍ਹਾਂ ਨੂੰ ਕੁੱਲ ਨੌਂ ਰੁਪਏ ਪ੍ਰਤੀ ਮਹੀਨਾ ਤਨਖ਼ਾਹ ਦਿੱਤੀ ਜਾਂਦੀ। ਇਸ ਦੌਰਾਨ ਸਿੱਖ ਫ਼ੌਜੀਆਂ ਨੂੰ ਅੰਗਰੇਜ਼ਾਂ ਦੀ ਹੀ ਇਕ ਹੋਰ ਬਸਤੀ ਕੈਨੇਡਾ ਬਾਰੇ ਜਾਣਕਾਰੀ ਮਿਲੀ ਜਿੱਥੇ ਉਹ ਰੁਜ਼ਗਾਰ ਰਾਹੀਂ ਬੇਹਤਰ ਹਾਲਤ ਵਿਚ ਰਹਿ ਕੇ ਕਮਾਈ ਕਰ ਸਕਦੇ ਸਨ। ਇਸ ਮਗਰੋਂ ਹੀ ਪੰਜਾਬੀਆਂ ਦਾ ਸਹੀ ਅਰਥਾਂ ਵਿਚ ਵਿਦੇਸ਼ਾਂ ਦੀ ਧਰਤੀ ’ਚ ਪਰਵਾਸ ਆਰੰਭ ਹੋਇਆ। ਅਮਰੀਕਾ ਵਿਚ ਬਾਬਾ ਬਿਸਾਖਾ ਸਿੰਘ ਦਦੇਹਰ ਅਤੇ ਸ੍ਰ. ਜਵਾਲਾ ਸਿੰਘ ਠੱਠੀਆਂ ਨੇ ਇੱਥੋਂ ਦੇ

ਭਾਰਤੀਆਂ ਨੂੰ ਜੱਥੇਬੰਦ ਕਰਨਾ ਆਰੰਭ ਕਰ ਦਿੱਤਾ ਅਤੇ 24 ਅਕਤੂਬਰ 1912 ਵਿਚ ਪੈਸੇਫਿਕ ਕੋਸਟ ਖ਼ਾਲਸਾ ਦੀਵਾਨ ਸੁਸਾਇਟੀ ਗੁਰਦੁਆਰਾ ਸਾਹਿਬ ਦੀ ਸਥਾਪਨਾ ਕੀਤੀ ਗਈ। ਵੈਨਕੂਵਰ ਵਰਗੀ ਕੌਮੀ ਜੱਥੇਬੰਦੀ ਕਾਇਮ ਹੋਣ ਮਗਰੋਂ ਬਾਬਾ ਸੋਹਣ ਸਿੰਘ ਭਕਨਾ ਨੇ ਹੋਰਨਾਂ ਦੇਸ਼ ਭਗਤਾਂ ਨਾਲ ਮਿਲ ਕੇ ਸਮੂਹ ਭਾਈਚਾਰਿਆਂ ਨੂੰ ਇਕ ਸੂਤਰ ਵਿਚ ਪਰੋਦਿਆਂ 21 ਅਪ੍ਰੈਲ 1913 ਨੂੰ ਆਸਟਰੀਆ ਵਿਖੇ 'ਹਿੰਦੀ ਐਸੋਸੀਏਸ਼ਨ ਆਫ਼ ਪੈਸੇਫਿਕ ਕੋਸਟ' ਨਾਂ ਦੀ ਜੱਥੇਬੰਦੀ ਕਾਇਮ ਕੀਤੀ ਜਿਸ ਦਾ ਅੱਗੇ ਜਾ ਕੇ ਨਾਂ 'ਗ਼ਦਰ ਪਾਰਟੀ' ਮਸ਼ਹੂਰ ਹੋਇਆ। 1 ਨਵੰਬਰ 1913 ਨੂੰ ਸਾਨਫਰਾਂਸਿਸਕੋ ਤੋਂ ਹਫ਼ਤਾਵਾਰੀ ਉਰਦੂ ਸਮਾਚਾਰ ਪੱਤਰ 'ਗ਼ਦਰ' ਨਿਕਲਿਆ। ਗੁਰਮੁਖੀ ਵਿਚ ਪੰਜਾਬੀ ਦਾ ਹਫ਼ਤਾਵਾਰੀ 'ਗ਼ਦਰ' ਦਸੰਬਰ 1913 ਵਿਚ ਸ਼ੁਰੂ ਹੋਇਆ। ਇਸ ਤੋਂ ਬਾਅਦ ਹੋਰਨਾਂ ਜ਼ੁਬਾਨਾਂ ਹਿੰਦੀ, ਗੁਜਰਾਤੀ, ਬੰਗਾਲੀ, ਨੇਪਾਲੀ ਤੇ ਪਸਤੋ ਆਦਿ ਵਿਚ ਵੀ ਇਹ ਛਪਣ ਲੱਗਿਆ। ਪੰਜਾਬੀ ਹਫ਼ਤਵਾਰੀ 'ਗ਼ਦਰ' ਦੇ ਸ਼ੁਰੂ ਦੇ ਅੰਕਾਂ ਵਿਚ ਗੁਰਬਾਣੀ ਦੀ ਪੰਕਤੀ ਨੂੰ, ਕੁਝ ਕੁ ਬਦਲਵੇਂ ਰੂਪ 'ਚ *'ਜੇ ਚਿਤ ਪ੍ਰੇਮ ਖੇਲਣ ਦਾ ਚਾਓ, ਸਿਰ ਧਰ ਤਲੀ ਗਲੀ ਮੇਰੀ ਆਓ'* ਵਿਚਕਾਰ ਲਿਖ ਕੇ ਦੋਹਾਂ ਨੁੱਕਰਾਂ ਉੱਤੇ 'ਬੰਦੇ' ਅਤੇ 'ਮਾਤਰਮ' ਲਿਖਿਆ ਮਿਲਦਾ ਹੈ। ਇਹ ਉਸ ਸਮੇਂ ਦੇ ਅੰਕ ਹਨ, ਜਦੋਂ ਪੰਜਾਬੀ ਸਮਾਚਾਰ ਪੱਤਰ ਦੇ ਸੰਪਾਦਕ ਸ਼ਹੀਦ ਕਰਤਾਰ ਸਿੰਘ ਸਰਾਭਾ ਸਨ। ਕੁਝ ਸਮੇਂ ਮਗਰੋਂ ਗ਼ਦਰੀ ਯੋਧਿਆਂ ਦੇ ਦੇਸ਼ ਜਾ ਕੇ ਕੁਰਬਾਨੀ ਕਰਨ ਲਈ ਤੱਤਪਰ ਹੁੰਦਿਆਂ ਸ਼ਹੀਦੀਆਂ ਪਾਈਆਂ ਜਾਂ ਲੰਮੀਆਂ ਸਜ਼ਾਵਾਂ ਕੱਟੀਆਂ।

ਇਨ੍ਹਾਂ ਯੋਧਿਆਂ ਤੋਂ ਮਗਰੋਂ 'ਗ਼ਦਰ' ਦੀ ਦਿਖ 'ਚ ਵੱਡੀਆਂ ਤਬਦੀਲੀਆਂ ਕੀਤੀਆਂ ਗਈਆਂ ਅਤੇ ਇਸ ਦਾ ਮੁੱਖ ਪੰਨੇ ਬਦਲ ਦਿੱਤਾ ਗਿਆ। ਗੁਰਬਾਣੀ ਦੀ ਤੁਕ ਹਟਾ ਕੇ, ਉਸ ਦੀ ਜਗ੍ਹਾ 'ਐ ਮਰਦਾਨੋ ਹਿੰਦੀ ਜਵਾਨੋ ਜਲਦੀ ਲੋ ਹਥਿਆਰ' ਲਿਖ ਦਿੱਤੀ ਗਈ। 'ਗ਼ਦਰ' ਸਮਾਚਾਰ ਪੱਤਰ ਦੇ ਮੁੱਖ ਪੰਨੇ ਅਤੇ ਰੂਪ ਵਿਚ ਅਜਿਹੀਆਂ ਤਬਦੀਲੀਆਂ ਸੁਭਾਵਿਕ ਨਹੀਂ ਹੋਈਆਂ, ਸਗੋਂ ਯੋਜਨਾਬੱਧ ਢੰਗ ਨਾਲ ਲਿਆਂਦੀਆਂ ਗਈਆਂ। ਰਾਮਚੰਦਰ ਨੇ ਪਹਿਲੇ ਸਫ਼ੇ 'ਤੇ ਸੰਪਾਦਕ ਵਜੋਂ ਆਪਣਾ ਨਾਂ ਵੀ ਲਿਖਣਾ ਸ਼ੁਰੂ ਕਰ ਦਿੱਤਾ ਤੇ ਮਗਰੋਂ ਪਾਰਟੀ ਤੋਂ ਅਲਹਿਦਾ ਹੋ ਕੇ, ਪਾਰਟੀ ਦੇ ਪਰਚੇ ਦੇ ਸਮਾਨਾਂਤਰ, ਉਸੇ ਹੀ ਨਾਂ 'ਤੇ ਵੱਖਰਾ ਹਿੰਦੁਸਤਾਨ ਗ਼ਦਰ ਵੀ ਕੱਢਿਆ। ਆਰੰਭ 'ਚ ਇਸ ਅਖ਼ਬਾਰ ਨਾਲ ਸੰਬੰਧਿਤ ਹੋਣ ਵਾਲੇ 'ਗ਼ਦਰ' ਸਮਾਚਾਰ ਪੱਤਰ ਦੇ ਪੰਜਾਬੀ ਅੰਕ ਦੇ ਸੰਪਾਦਕ ਕਰਤਾਰ ਸਿੰਘ ਸਰਾਭਾ ਰਹੇ ਤੇ ਹੋਰਨਾਂ ਇਨਕਲਾਬੀ ਲਿਖਾਰੀਆਂ 'ਚ ਹਰਨਾਮ ਸਿੰਘ ਟੁੰਡੀਲਾਟ, ਭਾਈ ਸੰਤੋਖ ਸਿੰਘ ਧਰਦਿਓ, ਭਗਵਾਨ ਸਿੰਘ ਪ੍ਰੀਤਮ, ਮੁਨਸ਼ਾ ਸਿੰਘ ਦੁਖੀ, ਕਰਤਾਰ ਸਿੰਘ ਲਤਾੜਾ, ਬਸੰਤ ਸਿੰਘ ਚੌਂਦਾ, ਮਹਿਬੂਬ ਅਲੀ, ਇਨਾਇਤ ਖਾਂ, ਰਾਮ ਚੰਦਰ,ਖੇਮ ਚੰਦ ਦਾਸ, ਮੋਹਨ ਲਾਲ, ਪਿਰਥੀ ਸਿੰਘ ਆਜ਼ਾਦ, ਬਿਸ਼ਨ ਸਿੰਘ ਸਦਾ ਸਿੰਘ ਵਾਲਾ ਅਤੇ ਨਿਧਾਨ ਸਿੰਘ ਮਹੇਸ਼ਰੀ ਵੀ ਸਮੇਂ-ਸਮੇਂ 'ਗ਼ਦਰ' ਨਾਲ ਜੁੜੇ ਰਹੇ। ਜ਼ਿਆਦਾਤਰ ਲਿਖਾਰੀ ਆਪਣੇ ਉਪਨਾਮ ਜਾਂ ਤਖ਼ੱਲਸ ਆਦਿ ਦੀ ਵਰਤੋਂ ਹੀ ਕਰਦੇ ਸਨ। ਉਨ੍ਹਾਂ ਦੀ ਦੁਖੀਆ, ਗ਼ਦਰ ਦਾ ਸਿਪਾਹੀ, ਪ੍ਰੀਤਮ, ਫ਼ਕੀਰ, ਪੰਜਾਬੀ ਸਿੰਘ, ਸੇਵਕ, ਬਾਗ਼ੀ, ਜਾਚਕ, ਇਕਬਾਲ, ਹਮਦਮ, ਅਜ਼ਾਦ, ਯਕਦਮ, ਨਾਸਤਕ, ਸੱਚ, ਹਿੰਦ ਸੇਵਕ ਅਤੇ ਨਿਧੜਕ ਆਦਿ ਫ਼ਰਜ਼ੀ ਨਾਮਾਂ ਅਧੀਨ 'ਗ਼ਦਰ' ਵਿਚਲੀ ਰਚਨਾ ਦਾ ਉਦੇਸ਼ ਜਿੱਥੇ ਇਕ ਪਾਸੇ ਵਿਅਕਤੀਗਤ ਪ੍ਰਸਿੱਧੀ ਦੀ ਥਾਂ ਲਹਿਰ ਦੇ ਮਨੋਰਥ ਨੂੰ ਉਜਾਗਰ ਕਰਨਾ ਸੀ, ਉੱਥੇ ਦੂਜੇ ਪਾਸੇ ਰਾਜਸੀ ਹਾਲਤਾਂ ਨੂੰ ਸਮਝਦਿਆਂ ਗ਼ਦਰੀ ਦੀ ਪਛਾਣ ਗੁਪਤ ਰੱਖਣਾ ਸੀ। ਇਨ੍ਹਾਂ ਲਿਖਾਰੀਆਂ ਦਾ ਉਦੇਸ਼ ਪਰਵਾਸੀਆਂ ਵਿਚ ਰਾਜਨੀਤਕ ਚੇਤਨਾ ਪੈਦਾ ਕਰਕੇ ਭਾਰਤ ਦੀ ਆਜ਼ਾਦੀ ਦੀ ਲੜਾਈ ਲਈ ਮਾਹੌਲ ਪੈਦਾ ਕਰਨਾ ਸੀ। ਇਹ ਪਰਚੇ

ਪੱਤਰਕਾਰੀ ਵਿਚ ਅਜਿਹੇ ਮਹੱਤਵ ਦੇ ਲਖਾਇਕ ਹਨ ਜੋ ਅਗਲੀਆਂ ਪੀੜ੍ਹੀਆਂ ਅੰਦਰ ਚੇਤਨਾ ਪੈਦਾ ਕਰਨ ਲਈ ਮੀਲ ਪੱਥਰ ਸਾਬਤ ਹੋਏ। ਇਸ ਸਮੇਂ ਦੇ ਪੱਤਰਕਾਰਾਂ ਨੇ ਮਿਸ਼ਨਰੀ ਭਾਵਨਾ ਅਧੀਨ, ਆਪਣੇ ਇਤਿਹਾਸ ਤੋਂ ਸੇਧ ਲੈਂਦਿਆਂ ਪੱਤਰਕਾਰੀ ਨੂੰ ਆਜ਼ਾਦੀ ਪ੍ਰਾਪਤੀ ਲਈ ਵਸੀਲਾ ਬਣਾਇਆ। ਗ਼ਦਰ ਸਮਾਚਾਰ ਪੱਤਰ ਰਾਹੀਂ ਸਭਿਆਚਾਰਕ ਚੁਣੌਤੀਆਂ, ਸਮਾਜਿਕ ਦੁਸ਼ਵਾਰੀਆਂ, ਬ੍ਰਿਟਿਸ਼ ਸਾਮਰਾਜ ਦੇ ਕਸ਼ਟ ਅਤੇ ਗ਼ੁਲਾਮੀ ਦੇ ਦੁਖਾਂਤ ਨਜ਼ਰ ਆਉਂਦੇ ਹਨ। 'ਗ਼ਦਰ' ਦੀ ਵਾਰਤਕ ਅਜਿਹੇ ਮਸਲਿਆਂ ਨੂੰ ਪਾਠਕਾਂ ਤੱਕ ਪੇਸ਼ ਕਰਦੀ ਹੈ ਜਿਹੜੇ ਵਿਦੇਸ਼ਾਂ ਵਿਚਲੀਆਂ ਧੱਕੇਸ਼ਾਹੀਆਂ ਅਤੇ ਦੇਸ਼ ਅੰਦਰਲੀ ਗ਼ੁਲਾਮੀ ਵਿਚੋਂ ਉਪਜੇ ਸਨ। 'ਗ਼ਦਰ' ਦਾ ਪੱਤਰਕਾਰ, ਭਾਰਤ ਅੰਦਰਲੇ ਗ਼ੁਲਾਮਾਂ ਨੂੰ ਜਾਗਰੂਕ ਕਰਦਾ ਹੋਇਆ ਸੰਘਰਸ਼ ਦੇ ਰਾਹ 'ਤੇ ਤੋਰਦਾ ਹੈ। ਉਹ ਖ਼ੁਦ ਵੀ ਕ੍ਰਾਂਤੀਕਾਰੀ ਸਰਗਰਮੀ ਦਾ ਧਾਰਨੀ ਹੈ ਅਤੇ ਇਸ ਬਾਬਤ ਪਾਠਕ ਨੂੰ ਵੀ ਫੌਰੀ ਤੌਰ 'ਤੇ ਕਦਮ ਚੁੱਕਣ ਲਈ ਹਲੂਣਦਾ ਹੈ। ਗ਼ਦਰ ਦੇ ਪੱਤਰਕਾਰ ਲਈ ਰਚਨਾ ਮਹਿਜ ਲਿਖਤ ਨਹੀਂ, ਬਲਕਿ ਉਸ ਦੀ ਆਜ਼ਾਦੀ ਦਾ ਸੰਘਰਸ਼ ਹੈ ਅਤੇ ਇਸ ਨੂੰ ਅੱਗੇ ਤੋਰਨ ਲਈ ਉਹ ਮੀਡੀਆ ਰਾਹੀਂ ਲੋਕ ਲਹਿਰ ਕਾਇਮ ਕਰਨ ਵਾਸਤੇ ਤਤਪਰ ਹੈ। ਅੱਜ ਇਸ ਕੇਸਰੀ ਬਾਣੇ ਵਿਚ ਗ਼ਦਰ ਇਹ ਉਪਦੇਸ਼ ਕਰਦਾ ਹੈ ਕਿ ਡਰ ਤੇ ਖ਼ੁਦਗਰਜ਼ੀ ਤੋਂ ਆਪਣੇ ਆਪ ਨੂੰ ਸਾਫ਼ ਕਰ ਦਿਉ। ਆਪਣੇ ਦਿਲ ਵਿਚੋਂ ਗ਼ਲਤ ਆਪਸੀ ਝਗੜਿਆਂ ਦੇ ਕੂੜੇ ਤੋਂ ਸਾਫ਼ ਕਰਕੇ ਆਜ਼ਾਦ ਜੀਵਨ ਦੇਸ਼ ਭਗਤਾਂ ਦੀਆਂ ਸਾਫ਼ ਤੋਂ ਸਾਫ਼ ਸੂਰਤਾਂ ਰਖੋ। ਜਾਨ ਕੀ ਚੀਜ਼ ਹੈ? ਕਰੋੜਾਂ ਕੀੜੇ, ਪੰਛੀ ਤੇ ਜਨੌਰ ਫਿਰਦੇ ਫਿਰਦੇ ਮਰ ਜਾਂਦੇ ਹਨ। ਲੱਖਾਂ ਆਦਮੀ ਕੁਝ ਕੀਤੇ ਬਿਨਾਂ ਐਵੇਂ ਹੀ ਮਰ ਜਾਂਦੇ ਹਨ। ਰੋਟੀ ਖਾਧੀ, ਕੱਪੜੇ ਪਾਏ, ਵਿਆਹ ਕੀਤਾ, ਬੱਚੇ ਹੋਏ, ਉਨ੍ਹਾਂ ਨੂੰ ਪਾਲਿਆਂ ਪੋਸਿਆ, ਬਸ ਚੱਲ ਦਿੱਤੇ। ਪਰ ਭਲੀ ਜ਼ਿੰਦਗੀ ਉਸ ਆਦਮੀ ਦੀ ਹੈ ਜਿਹੜਾ ਇਸ ਚਾਰ ਦਿਹਾੜੇ ਵਿਚ ਕਈ ਕਈ ਉਪਚਾਰ ਕਰਦਾ ਹੈ। ਵਿਦਿਆ ਵਿਚ ਮਦਦ ਦੇਵੇ ਅਤੇ ਜ਼ਾਲਮਾਂ ਨਾਲ ਲੜੇ।[3] ਅਖ਼ਬਾਰ 'ਗ਼ਦਰ' ਪੰਜਾਬੀਆਂ ਨੂੰ ਮਨੁੱਖੀ ਹੱਕਾਂ ਲਈ ਲੜਨ ਅਤੇ ਆਜ਼ਾਦੀ ਹਾਸਿਲ ਕਰਨ ਲਈ ਪ੍ਰੇਰਨ ਦੇ ਯਤਨ 'ਚ ਨਜ਼ਰ ਆਉਂਦਾ ਹੈ।

ਹਥਿਆਰਬੰਦ ਇਨਕਲਾਬ ਰਾਹੀਂ ਸਾਮਰਾਜ ਨੂੰ ਖਤਮ ਕਰਨ ਦੇ ਰਸਤੇ ਦਾ ਹਾਮੀ 'ਗ਼ਦਰ' ਵੱਲੋਂ ਸਮਕਾਲੀ ਨਰਮ ਖਿਆਲੀ ਸਿਆਸੀ ਆਗੂਆਂ ਨਾਲ ਸੰਵਾਦ ਰਚਾ ਕੇ, ਉਨ੍ਹਾਂ ਵੱਲੋਂ ਅਪਣਾਏ ਜਾਂਦੇ ਦੋਹਰੇ ਮਾਪਦੰਡ ਵੀ ਵਾਰਤਕ 'ਚ ਪ੍ਰਸਤੁਤ ਕੀਤੇ ਜਾਂਦੇ ਹਨ। ਭਾਰਤ ਦੀ ਨੌਜਵਾਨੀ ਨੂੰ ਗੁੰਮਰਾਹ ਕਰਨ, ਇਨਕਲਾਬ ਦੇ ਰਸਤੇ ਤੋਂ ਹਟਾਉਣ ਅਤੇ ਸੰਘਰਸ਼ ਨੂੰ ਠੰਡੇ ਬਸਤੇ ਵਿਚ ਪਾਉਣ ਵਾਲੇ ਇਹ ਨੇਤਾ ਗ਼ਦਰ ਦੀ ਤਿੱਖੀ ਸੁਰ ਤੋਂ ਬਚ ਨਹੀਂ ਸਕੇ। ਜਿੱਥੇ ਇਕ ਪਾਸੇ ਅਖੌਤੀ ਅੰਗਰੇਜ਼ ਭਗਤ ਖਾਨ ਬਹਾਦਰ, ਨੰਬਰਦਾਰ, ਰਾਇ ਬਹਾਦਰ ਅਤੇ ਜਗੀਰਦਾਰ ਗ਼ਦਰੀਆਂ ਦੀ ਆਲੋਚਨਾ ਦੇ ਪਾਤਰ ਰਹੇ ਉੱਥੇ 'ਗ਼ਦਰ' ਸਮਾਚਾਰ ਪੱਤਰ ਦੇ ਆਪਣੇ ਰਾਜਸੀ ਵਿਰੋਧੀ ਨੀਤੀਵਾਨ ਰਾਸ਼ਟਰਵਾਦੀ ਨੇਤਾ ਵੀ ਇਸ ਤੋਂ ਬਚ ਨਾ ਸਕੇ। ਪੰਜਾਬੀ ਹਫ਼ਤਾਵਾਰੀ 'ਗ਼ਦਰ' 'ਚ ਲਿਖਿਆ ਮਿਲਦਾ ਹੈ, ਇਸ ਦੀ ਗ਼ੁਲਾਮੀ ਦੀ ਸੰਗਤ ਵਿਚ ਸੱਠ ਸੱਤਰ ਹਿੰਦੀ ਵਿਦਿਆਰਥੀ ਹੁਣ ਤੱਕ ਸ਼ਾਮਲ ਹੋ ਚੁੱਕੇ ਹਨ। ਉਹ ਇਹ ਹੈ ਕਿ ਕੀ ਹਿੰਦੁਸਤਾਨ ਦੇ ਸਾਰੇ ਨਕਲੀ ਲੀਡਰਾਂ ਨੇ ਗ਼ੁਲਾਮੀ ਦਾ ਠੇਕਾ ਲੈ ਲਿਆ ਹੈ। ਇਹ ਗ਼ੁਲਾਮੀ ਦੇ ਪ੍ਰਚਾਰਕ ਆਪਣੇ ਦੇਸ਼ ਦਾ ਧਨ ਅਤੇ ਮਾਣ ਤਾਂ ਲੁੱਟਦੇ ਰਹੇ ਸਨ, ਇਹ ਗ਼ੁਲਾਮ ਆਦਮੀ ਹਿੰਦੁਸਤਾਨ ਦੇ ਖ਼ੂਬਸੂਰਤ ਨੌਜਵਾਨ ਵਿਦਿਆਰਥੀਆਂ ਨੂੰ ਭੀ ਵਿਦਿਆ ਲਾਭ ਤੋਂ ਹਟਾ ਕੇ ਅੰਗਰੇਜ਼ਾਂ ਦੇ ਵਾਸਤੇ ਮਰਵਾਉਣਾ ਚਾਹੁੰਦੇ ਹਨ। ਇਸ ਵਕਤ ਇਹ ਤਾਂ ਸਭ ਨੂੰ ਦਿਖਾਈ ਦਿੰਦਾ ਹੈ ਕਿ ਬਦੇਸ਼ੀ ਰਾਜ ਤੋਂ ਆਜ਼ਾਦੀ ਹਾਸਲ ਕਰਨ

ਦਾ ਇਹ ਸਮਾਂ ਹੈ, ਮਗਰ ਜਿਨ੍ਹਾਂ ਉੱਤੇ ਗ਼ੁਲਾਮੀ ਦੀ ਚਰਬੀ ਸਮਾ ਗਈ ਹੈ। ਉਨ੍ਹਾਂ ਨੂੰ ਗ਼ੁਲਾਮੀ ਦੇ ਬਗੈਰ ਹੋਰ ਕੁਝ ਦਿਖਾਈ ਨਹੀਂ ਦਿੰਦਾ ਹੈ। ਮੁਲਕ ਦੇ ਨੌਜਵਾਨ ਗ਼ਦਰ ਪ੍ਰਚਾਰ ਕਰ ਰਹੇ ਹਨ। ਇਨ੍ਹਾਂ ਵਿਚ ਨੌ ਘੰਟੇ ਸਖ਼ਤ ਮਜ਼ਦੂਰੀ ਦਾ ਕੰਮ ਕਰਨ ਵਾਲੇ, ਪਿਆਰੇ ਹਿੰਦੀਆਂ ਨੂੰ ਕੁਰਬਾਨ ਕਰ ਰਹੇ ਹਨ ਅਤੇ ਖ਼ੁਦ ਗਾਂਧੀ ਨੇ ਗ਼ੁਲਾਮੀ ਦਾ ਠੇਕਾ ਲੈ ਰੱਖਿਆ ਹੈ ਅਤੇ ਅੱਗੇ ਆਉਣ ਵਾਲੇ ਹਿੰਦੀ ਨੌਜਵਾਨਾਂ ਦੇ ਵਾਸਤੇ ਬਹੁਤ ਬੁਰੀ ਮਿਸਾਲ ਬਣ ਰਿਹਾ ਹੈ।[4] ਭਾਰਤ ਦੀ ਸਮਕਾਲੀ ਸਿਆਸੀ ਜਮਾਤ ਦੀ ਬ੍ਰਿਟਿਸ਼ ਪੱਖੀ ਮਿਲਵਰਤਨ ਨੀਤੀ ਦੀ ਤਿੱਖੀ ਵਿਰੋਧਤਾ ਹਫ਼ਤਾਵਾਰੀ 'ਗ਼ਦਰ' 'ਚ ਮਿਲਦੀ ਹੈ।

ਇਸ ਤਰ੍ਹਾਂ ਆਜ਼ਾਦੀ ਲਈ ਜੂਝਣ ਦੀ ਭਾਵਨਾ ਅਤੇ ਸਮਾਜ ਦੇ ਲਤਾੜੇ ਵਰਗ ਨੂੰ ਉਤਸ਼ਾਹਿਤ ਕਰਨ ਲਈ 'ਗ਼ਦਰ' ਸਮਾਚਾਰ ਪੱਤਰ ਦੇ ਸੂਰਬੀਰਾਂ ਨੇ ਖ਼ੁਦਗਰਜ਼ੀ, ਨਿੱਜੀ ਸ਼ੋਹਰਤ ਅਤੇ ਬੁਰਜ਼ੂਆ ਸੋਚ ਨੂੰ ਮੂਲੋਂ ਹੀ ਰੱਦ ਕੀਤਾ ਜਿਸ ਦਾ ਜਜ਼ਬਾ ਗ਼ਦਰ ਦੀ ਵਾਰਤਕ ਵਿਚ ਝਲਕਦਾ ਹੈ। 'ਗ਼ਦਰ' ਦੇ ਪੱਤਰਕਾਰ ਇਸ ਪੇਸ਼ੇ ਦੇ ਧਾਰਨੀ ਨਾ ਹੋ ਕੇ, ਸਮਾਚਾਰ ਪੱਤਰ ਨੂੰ ਇਨਕਲਾਬ ਲਿਆਉਣ ਲਈ ਵਰਤਦੇ ਹਨ। ਇਕ ਅਨਪੜ੍ਹ ਹੋਣ ਦੀ ਮਨੋ-ਗ੍ਰੰਥੀ ਦਾ ਵਿਕਾਰ ਵੀ ਉਨ੍ਹਾਂ ਵਿਚੋਂ ਜਾਂਦਾ ਰਿਹਾ। ਇੱਥੋਂ ਤੱਕ ਕਿ ਉਨ੍ਹਾਂ ਵਿਚ ਇਕ ਲੀਡਰਸ਼ਿਪ ਵਾਲੇ ਗੁਣ ਵੀ ਦਿਖਾਈ ਦੇਣ ਲੱਗ ਪਏ। ਆਪਣੀ ਹੋਣੀ ਤੋਂ ਜਾਗ੍ਰਿਤ ਹੋਣਾ ਤੇ ਇਸ ਪ੍ਰਤੀ ਚਿੰਤਨ ਕਰਦਿਆਂ ਪਿੱਠ ਪਿੱਛੇ ਪਏ ਕਾਰਨਾਂ ਦੀ ਤਲਾਸ਼ ਵਿਚੋਂ ਬਰਤਾਨਵੀ ਸਾਮਰਾਜ ਵਿਰੁੱਧ ਰੋਹ ਜਾਗਿਆ। ਚਿੰਤਕ ਤੇ ਰੋਹ ਦੀ ਪ੍ਰਕਿਰਿਆ ਵਿਚੋਂ ਆਪਣੇ ਵਿਰਸੇ ਦੀ ਫਰੋਲਾ-ਫਰਾਲੀ ਕਰਦਿਆਂ ਤੇ ਉਸ ਨੂੰ ਮੁਖ਼ਾਤਿਬ ਹੁੰਦਿਆਂ ਇਕ ਨਵੇਂ ਸਿਰਜਣਾਤਮਿਕ, ਕ੍ਰਾਂਤੀਕਾਰੀ ਤੇ ਨਿੱਡਰ ਮਨੁੱਖ ਦੀ ਤੋਰੇ ਤੇ ਪਰਵਾਸੀ ਹਿੰਦੀਆਂ ਦੀ ਚੇਤਨਾ ਜਾ ਪਈ। ਪਰਵਾਸੀਆਂ ਦੀ ਇਹ ਕ੍ਰਾਂਤੀਕਾਰੀ ਸਿਰਜਨਾਤਮਕ ਚੇਤਨਾ ਹੀ ਸੀ ਜਿਸ ਦੀ ਗਤੀਸ਼ੀਲਤਾ ਵਿਚੋਂ ਇਕ ਨਵੇਂ ਭਵਿੱਖ ਦੀ ਸਿਰਜਣਾ ਹੋਈ।[5]

'ਗ਼ਦਰ' ਸਮਾਚਾਰ ਪੱਤਰ ਦੀ ਪੱਤਰਕਾਰੀ ਦਾ ਅਹਿਮ ਪਹਿਲੂ ਇਹ ਵੀ ਹੈ ਕਿ ਇਸ ਵਿਚ ਸੰਪਾਦਕੀ ਨਿਬੰਧਾਂ ਰਾਹੀਂ ਵਿਦੇਸ਼ਾਂ ਵਿਚੇ ਬ੍ਰਿਟਿਸ਼ ਸਾਮਰਾਜ ਦੀਆਂ ਧੱਕੇਸ਼ਾਹੀਆਂ ਅਤੇ ਇਨ੍ਹਾਂ ਦੇ ਖਾਤਮੇ ਲਈ ਵਿਦੇਸ਼ਾਂ ਦੀ ਧਰਤੀ ਤੋਂ ਹਥਿਆਰਬੰਦ ਇਨਕਲਾਬ ਚਲਾਉਣ ਦੇ ਐਲਾਨ ਨੂੰ ਪ੍ਰਮੁੱਖਤਾ ਦਿੱਤੀ ਗਈ ਮਿਲਦੀ ਹੈ। ਉਰਦੂ ਤੇ ਗੁਰਮੁਖੀ ਵਿਚ 'ਗ਼ਦਰ' ਦੇ ਪਹਿਲੇ ਅੰਕ ਦੀ ਸੰਪਾਦਕੀ ਵਿਚ ਪੇਸ਼ ਮੁੱਖ ਸਰੋਕਾਰ ਅੰਗਰੇਜ਼ ਰਾਜ ਖਿਲਾਫ਼ ਮੀਡੀਆ ਦੀ ਸ਼ਕਤੀ ਰਾਹੀਂ ਲੋਕ ਲਹਿਰ ਕਾਇਮ ਕਰਨ ਬਾਰੇ ਵਿਚਾਰ ਮਿਲਦੇ ਹਨ। "ਅੱਜ 1 ਨਵੰਬਰ 1913 ਨੂੰ ਭਾਰਤ ਦੀ ਤਵਾਰੀਖ ਵਿਚ ਇਕ ਨਵਾਂ ਸੰਮਤ ਚਲਦਾ ਹੈ ਕਿਉਂਕਿ ਅੱਜ ਅੰਗਰੇਜ਼ੀ ਰਾਜ ਦੇ ਵਿਰੁੱਧ ਪਰਦੇਸ ਵਿਚੋਂ ਦੇਸੀ ਜ਼ੁਬਾਨ ਵਿਚ ਜੰਗ ਛਿੜਦਾ ਹੈ। ਅੱਜ ਦਾ ਦਿਨ ਸ਼ੁੱਭ ਹੈ ਕਿ ਅੰਗਰੇਜ਼ ਰਾਜ ਦੀ ਜੜ੍ਹ ਉਖਾੜਨ ਵਾਲਾ ਅੱਖਰ 'ਗ਼ਦਰ' ਉਰਦੂ ਤੇ ਗੁਰਮੁਖੀ ਸਮਾਚਾਰ ਪੱਤਰ ਤੋਂ ਜ਼ਾਹਰ ਹੁੰਦਾ ਹੈ। ਘਰ ਤੋਂ ਦਸ ਹਜ਼ਾਰ ਮੀਲ ਦੂਰ ਪਰਦੇਸ ਵਿਚ ਇਸ ਅਖ਼ਬਾਰ ਦਾ ਛਪਣਾ ਇਕ ਅਜਿਹਾ ਕੰਮ ਹੈ ਜਿਸ ਉੱਤੇ ਨਿਗ੍ਹਾ ਮਾਰਨ ਤੇ ਖੁਸ਼ੀ ਭਰੀ ਨਹੀਂ ਸਮਾਉਂਦੀ। ਸਾਡਾ ਨਾਉਂ ਕੀ ਹੈ? ਗ਼ਦਰ। ਕੰਮ ਕੀ ਹੈ? ਗ਼ਦਰ। ਕਿੱਥੇ ਗ਼ਦਰ ਹੋਵੇਗਾ? ਭਾਰਤ ਵਿਚ। ਕਦੋਂ ਹੋਵੇਗਾ? ਥੋੜ੍ਹੇ ਬਰਸਾਂ ਵਿਚ। ਕਿਉਂ ਹੋਵੇਗਾ? ਕਿਉਂਕਿ ਹੁਣ ਅੰਗਰੇਜ਼ ਦੇ ਜ਼ੁਲਮ ਤੋਂ ਖਲਕਤ ਦੁਖੀ ਹੋ ਗਈ ਹੈ ਅਤੇ ਆਜ਼ਾਦੀ ਦੀ ਖ਼ਾਤਰ ਲੜਨ ਮਰਨ ਨੂੰ ਤਿਆਰ ਹੈ।"[6]

'ਗ਼ਦਰ' ਜਿੱਥੇ ਪਰਦੇਸਾਂ ਦੀ ਧਰਤੀ ਤੋਂ ਮੀਡੀਆ ਅਤੇ ਜ਼ਬਾਨ ਦੀ ਤਾਕਤ ਰਾਹੀਂ ਗ਼ੁਲਾਮੀ ਵਿਰੁੱਧ ਠੋਸ ਕਦਮ ਉਠਾਉਣ ਲਈ ਪ੍ਰੇਰਦਾ ਹੈ, ਉੱਥੇ ਭਾਰਤ ਵਿਚਲੇ ਮੀਡੀਆ ਵੱਲੋਂ ਅਜਿਹੇ ਮੁੱਦਿਆਂ ਤੇ ਚੁੱਪ ਧਾਰਨ ਨੂੰ ਵੀ 'ਗ਼ਦਰ' ਵਿਚ

ਅਹਿਮ ਸਰੋਕਾਰਾਂ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਕਰਾਰੀ ਚੋਟ, ਦਲੀਲ ਭਰਪੂਰ ਅਤੇ ਵਿਅੰਗਮਈ ਸ਼ੈਲੀ ਵਿਚ ਗ਼ਦਰ ਦੀਆਂ ਸੰਪਾਦਕੀਆਂ, ਸਮਕਾਲੀ ਭਾਰਤੀ ਅਖ਼ਬਾਰਾਂ ਤੇ ਡੂੰਘੀ ਸੱਟ ਮਾਰਦੀਆਂ ਹਨ, ਜਿਵੇਂ ਕਿ ਗ਼ਦਰ ਵਿਚ ਅੰਕਿਤ ਹੈ, ਪੰਜਾਬ ਦੇ ਅਖ਼ਬਾਰ ਚੁਕੰਨੇ ਹਨ। ਜ਼ਰਾ ਭੀ ਕਿਸੇ ਲੀਡਰ ਪਾਸੋਂ ਕੋਈ ਸਮਾਜਿਕ (ਮਜ਼੍ਹਬੀ) ਗ਼ਲਤੀ ਹੋ ਜਾਵੇ, ਤਾਂ ਉਸ ਦੀ ਖ਼ੂਬ ਖੁੰਭ ਠਪਦੇ ਹਨ। ਖ਼ਬਰ ਆਈ ਹੈ ਕਿ ਬਾਬਾ ਗੁਰਬਖਸ਼ ਸਿੰਘ ਬੇਦੀ ਜੋ ਇਕ ਰਈਸ  ਹੈ, ਉਸ ਨੇ ਆਪਣੇ ਲੜਕੇ ਦੀ ਸ਼ਾਦੀ ਉੱਤੇ ਕੰਜਰੀਆਂ ਨਚਾਈਆਂ ਹਨ। ਜਿਸ ਕਰਕੇ ਪੰਜਾਬ ਦੇ ਅਖ਼ਬਾਰ ਬੇਦੀ ਗੁਰਬਖਸ਼ ਸਿੰਘ ਦੀ ਖ਼ੂਬ ਗਤ ਬਣਾ ਰਹੇ ਹਨ। ਅਸੀਂ ਵੀ ਇਸ ਬੇਅਕਲੀ ਤੇ ਅਫ਼ਸੋਸ ਕਰਦੇ ਹਾਂ ਪਰ ਨਾਲ ਹੀ ਪੰਜਾਬ ਦੇ ਅਖ਼ਬਾਰਾਂ ਪਾਸੋਂ ਪੁੱਛਦੇ ਹਾਂ ਕਿ ਤੁਸੀਂ ਇਸ ਉੱਤੇ ਤਾਂ ਇਤਨਾ ਭੜਥੂ ਪਾਉਂਦੇ ਹੋ ਪਰ ਚਾਹੁੰਦੇ ਇਹੋ ਹੀ ਹੋ ਕਿ ਰਈਸ ਫ਼ਰੰਗੀ ਨੂੰ ਮਨਮਾਨੀਆਂ ਕਰਦੇ ਹਨ, ਅੰਗਰੇਜ਼ਾਂ ਨੂੰ ਸ਼ਿਮਲੇ ਵਿਚ ਮਹੀਨੇ ਬਦੀ ਰੋਟੀਆਂ ਖਵਾਉਂਦੇ ਹਨ, ਅੰਗਰੇਜ਼ ਨੂੰ ਵਲੈਤ ਨੂੰ ਜਾਣ ਵੇਲੇ ਲੁੱਟਮਾਰ ਅਤੇ ਸਰਕਾਰੀ ਪੈਨਸ਼ਨ ਦੇ ਬਗ਼ੈਰ, ਲੱਖਾਂ ਰੁਪਿਆਂ ਦੇ ਨਜ਼ਰਾਨੇ ਦਿੰਦੇ ਹਨ, ਤਾਂ ਇਨ੍ਹਾਂ ਅਖ਼ਬਾਰਾਂ ਨੂੰ ਕਿਉਂ ਗਸ਼ ਪਈ ਰਹਿੰਦੀ ਹੈ, ਜ਼ਰਾ ਚੂੰ ਤੱਕ ਨਹੀਂ ਕਰਦੇ। ਇਹ ਅਖ਼ਬਾਰ ਤਾਂ ਰਈਸਾਂ ਦੀ ਸਮਾਜਿਕ ਗ਼ਲਤੀ ਉੱਤੇ ਅਫ਼ਸੋਸ ਕਰਦੇ ਹਨ ਪਰ ਅਸੀਂ ਇਨ੍ਹਾਂ ਅਖ਼ਬਾਰਾਂ ਦੀ ਬੁਜ਼ਦਿਲੀ ਉੱਤੇ ਰੰਜ ਕਰਦੇ ਹਾਂ।[7] 'ਗ਼ਦਰ' ਇਕ ਸਮਾਚਾਰ ਪੱਤਰ ਨਾ ਹੋ ਕੇ ਇਕ ਲਹਿਰ ਸੀ। ਇਹ ਸਮਾਚਾਰ ਪੱਤਰ ਪੰਜਾਬੀ ਦਾ ਪਹਿਲਾ ਕੌਮਾਂਤਰੀ ਅਖ਼ਬਾਰ ਹੋ ਨਿਬੜਿਆ ਜਿਹੜਾ ਲਗਭਗ ਹਰ ਉਸ ਮੁਲਕ 'ਚ ਪਹੁੰਚਦਾ ਸੀ ਤੇ ਥੋੜ੍ਹੇ ਜਿਹੇ ਪੰਜਾਬੀ ਵੀ ਰਹਿੰਦੇ ਸਨ। ਇਸ ਪਰਚੇ ਨੇ ਬਾਹਰ ਰਹਿੰਦੇ ਪੰਜਾਬੀਆਂ ਨੂੰ ਆਜ਼ਾਦੀ ਦੀ ਲੜਾਈ ਦੀ ਸਰਦਾਰੀ ਵੀ ਦਿਵਾਈ।[8]

ਹਫ਼ਤਾਵਾਰੀ ਪੰਜਾਬੀ ਗ਼ਦਰ ਵਿਚ ਛਪਦੇ ਲੇਖਾਂ ਵਾਂਗ ਹੀ ਇਸ ਵਿਚਲੀ ਕਵਿਤਾ ਵੀ ਸਾਹਿਤਕ ਪੱਤਰਕਾਰੀ ਦਾ ਭਾਵਪੂਰਕ ਨਮੂਨਾ ਪੇਸ਼ ਕਰਦੀ ਹੈ ਜਿਸ ਵਿਚ ਲੋਕਾਂ ਨੂੰ ਦੁਸ਼ਵਾਰੀਆਂ ਤੋਂ ਰਾਹਤ ਪਾਉਣ ਅਤੇ ਸੰਘਰਸ਼ ਦੇ ਰਾਹ ਪੈਣ ਲਈ ਤਿਆਰ ਕੀਤਾ ਜਾਂਦਾ ਰਿਹਾ। ਲੋਕ ਲਹਿਰ ਦੇ ਮੁਹਾਵਰੇ ਵਾਲੀ ਇਸ ਕਵਿਤਾ ਵਿਚ, ਕੌਮੀ ਵਿਰਾਸਤ ਤੋਂ ਸੇਧ ਲੈਂਦਿਆਂ ਜ਼ੁਲਮ ਦਾ ਸ਼ਿਕਾਰ ਸਮੂਹ ਪੀੜਤਾਂ ਨੂੰ ਆਪਣੇ ਫ਼ਰਕ ਭੁਲਾ ਕੇ, ਜ਼ਾਲਮ ਖਿਲਾਫ਼ ਸੰਘਰਸ਼ ਕਰਨ ਦਾ ਸੁਨੇਹਾ ਹੈ। ਅਜਿਹੇ ਆਦਰਸ਼ਕ ਅਤੇ ਇਨਕਲਾਬੀ ਕਦਮ ਨੂੰ ਸਿਰੇ ਚੜ੍ਹਾਉਣ ਲਈ ਗ਼ਦਰ ਦੇ ਕਵੀ ਪੱਤਰਕਾਰ ਕੁੱਲ-ਨਾਸ਼, ਜਾਤ-ਨਾਸ਼ ਅਤੇ ਵਰਗ-ਨਾਸ਼ ਦੇ ਵਿਸ਼ੇਸ਼ ਤੱਤ ਨੂੰ ਉਭਾਰਦਿਆਂ ਬਰਾਬਰਤਾ, ਭਾਈਚਾਰਕਤਾ, ਸਾਂਝੀਵਾਲਤਾ ਅਤੇ ਏਕਤਾ ਦੀ ਗੱਲ ਕਰਦੇ ਹਨ ਜਿਸ ਦੀ ਮਿਸਾਲ 'ਗ਼ਦਰ' ਦੀ ਨਿਮਨ ਕਵਿਤਾਵਾਂ 'ਚੋਂ ਮਿਲਦੀ ਹੈ :

> ਛੂਤ ਛਾਤ ਦਾ ਕੋਈ ਖਿਆਲ ਨਾਹੀਂ, ਸਾਨੂੰ ਪਰਖ ਨਾ ਚੂਹੜੇ ਚਮਾਰ ਵਾਲੀ।
> ਹਿੰਦੋਸਤਾਨ ਵਾਲੇ ਸਾਰੇ ਹੈਨ ਭਾਈ, ਰੀਤ ਰਖਣੀ ਨਹੀਂ ਮੱਕਾਰ ਵਾਲੀ।[9]

'ਗ਼ਦਰ' ਵਿਚ ਛਪਦੀਆਂ ਰਚਨਾਵਾਂ ਦੇ ਕਰਤਾ ਮੂਲ ਰੂਪ ਵਿਚ ਮਨੂੰਵਾਦੀ ਜਾਤ-ਪਾਤ ਤੇ ਵਰਗ-ਵੰਡ ਨੂੰ ਪੂਰੀ ਤਰ੍ਹਾਂ ਰੱਦ ਕਰਦਿਆਂ, ਅੱਤਿਆਚਾਰਾਂ ਖਿਲਾਫ਼ ਲੋਕਾਂ ਨੂੰ ਇਕਮੁੱਠ ਕਰਨ ਵਾਲੇ ਸ਼ਾਨਾਮੱਤੇ ਇਤਿਹਾਸ ਤੋਂ ਪ੍ਰੇਰਿਤ ਹਨ। ਗ਼ੁਲਾਮੀ ਦੇ ਪੰਜੇ ਤੋਂ ਛੁਟਕਾਰਾ ਅਤੇ ਆਜ਼ਾਦੀ ਲਈ ਸਿਰ ਦੀ ਬਾਜ਼ੀ ਲਾਉਣ ਦਾ ਜੋ ਸੁਨੇਹਾ ਗ਼ਦਰ ਰਾਹੀਂ ਮਿਲਿਆ, ਉਹ ਪੰਜਾਬੀ ਦੀ ਸਾਹਿਤਕ ਪੱਤਰਕਾਰੀ ਦਾ ਵਡਮੁੱਲਾ ਹਿੱਸਾ ਹੈ ਅਤੇ ਇਸ ਦਾ ਪ੍ਰਭਾਵ ਸੀਮਤ ਨਾ ਹੋ ਕੇ ਸਦੀਵੀ ਹੈ। ਮਿਸਾਲ ਵਜੋਂ ਜਦੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਆਪਣੇ ਸਾਥੀਆਂ ਸਮੇਤ ਸੂਹੀਆਂ ਦੀ ਮੁਖ਼ਬਰੀ ਕਾਰਨ ਘਿਰ ਗਏ ਤਾਂ, ਉਨ੍ਹਾਂ ਉਸ

ਜਗ੍ਹਾ ਤੋਂ ਭੱਜਣ ਦੀ ਥਾਂ ਤੇ 'ਗ਼ਦਰ' ਸਪਤਾਹਿਕ 'ਚ ਛਪੀ ਕੇਸਰ ਸਿੰਘ ਠੱਠ ਗੜ੍ਹ ਦਾ ਇਹ ਛੰਦ ਗਾਉਣਾ ਸ਼ੁਰੂ ਕਰ ਦਿੱਤਾ:

ਸਿਰ ਦਿਤੇ ਬਾਝ ਨਹੀਂ ਕੰਮ ਸਰਨਾ। ਯੁਧ ਵਿਚ ਪਵੇਗਾ ਜ਼ਰੂਰ ਮਰਨਾ।
ਪਾਵੋ ਲਲਕਾਰ ਸ਼ੇਰਾਂ ਵਾਂਗ ਗੱਜ ਕੇ। ਬਣੀ ਸਿਰ ਸ਼ੇਰਾਂ ਦੇ, ਕੀ ਜਾਣਾ ਭੱਜ ਕੇ।
ਹੱਥ ਸ਼ਮਸ਼ੀਰ, ਕੁੱਦ ਪਓ ਮੈਦਾਨ ਜੀ। ਮਾਰ ਮਾਰ ਵੈਰੀਆਂ ਦੇ ਲਾਹੋ ਘਾਣ ਜੀ।
ਵੈਰੀਆਂ ਦਾ ਆਓ ਲਹੂ ਪੀਏ ਰੱਜ ਕੇ। ਬਣੀ ਸਿਰ ਸ਼ੇਰਾਂ ਦੇ, ਕੀ ਜਾਣਾ ਭੱਜ ਕੇ।
ਮਾਰ ਲਈਏ ਵੈਰੀ, ਮਰ ਜਾਈਏ ਆਪ ਜਾਂ। ਕਾਇਰਤਾ, ਗਰੀਬੀ, ਮਿਟ ਜਾਏ ਤਾਪ ਜਾਂ।
ਪਾ ਲਈਏ ਸ਼ਹੀਦੀ, ਸਿੰਘ ਸ਼ੇਰ ਸੱਜ ਕੇ। ਬਣੀ ਸਿਰ ਸ਼ੇਰਾਂ ਦਾ ਕੀ ਜਾਣਾ ਭੱਜ ਕੇ।[10]

'ਗ਼ਦਰ' ਲਹਿਰ ਦੀ ਕਵਿਤਾ ਵਿਚ ਸਿੱਖ ਇਨਕਲਾਬੀ ਵਿਰਸਾ ਜਗ੍ਹਾ-ਜਗ੍ਹਾ ਝਲਕਦਾ ਹੈ ਅਤੇ ਗ਼ਦਰੀ ਕਵੀ ਇਤਿਹਾਸ ਵਿਚੋਂ ਅਜਿਹੀਆਂ ਮਿਸਾਲਾਂ ਪੇਸ਼ ਕਰਦਿਆਂ ਹਰ ਤਰ੍ਹਾਂ ਅਨਿਆਂ ਖਿਲਾਫ਼ ਜੂਝਣ ਲਈ ਹਲੂਣਾ ਦਿੰਦਾ ਹੈ। ਇਹ ਕਵਿਤਾ ਇਤਿਹਾਸ ਦੇ ਉਨ੍ਹਾਂ ਪੰਨਿਆਂ ਵੱਲ ਇਸ਼ਾਰੇ ਕਰਦੀ ਹੈ ਜਿਨ੍ਹਾਂ ਵਿਚ ਗੁਰੂ ਸਾਹਿਬਾਨ ਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਲੈ ਕੇ ਬੰਦਾ ਸਿੰਘ ਬਹਾਦਰ, ਅਕਾਲੀ ਫੂਲਾ ਸਿੰਘ, ਹਰੀ ਸਿੰਘ ਨਲਵਾ ਅਤੇ ਸ਼ੇਰੇ-ਏ-ਪੰਜਾਬ ਰਣਜੀਤ ਸਿੰਘ ਸਣੇ ਵੱਖ-ਵੱਖ ਪੜਾਵਾਂ 'ਚੋਂ ਦੀ ਲੰਘਦੇ ਸਿੱਖ ਇਨਕਲਾਬ ਦੀ ਝਲਕ ਮਿਲਦੀ ਹੈ। ਅੰਗਰੇਜ਼ ਸਾਮਰਾਜ ਦੀ ਬਸਤੀਵਾਦੀ ਲੋਟੂ ਨੀਤੀ ਤੋਂ ਛੁਟਕਾਰਾ ਪਾਉਣ ਲਈ 'ਗ਼ਦਰ' ਸਮਾਚਾਰ ਪੱਤਰ ਮੁਗਲ ਸਾਮਰਾਜ ਦੇ ਖਿਲਾਫ਼ ਸਿੱਖ ਇਨਕਲਾਬ ਵੱਲੋਂ ਕੀਤੇ ਸੰਘਰਸ਼ ਨੂੰ ਆਪਣੇ ਆਦਰਸ਼ ਮੰਨਦਾ ਹੈ। ਅਸਲ 'ਚ 'ਗ਼ਦਰ' ਵਿਚ ਅਜਿਹੀ ਸੋਚ ਉਸ ਸਮੇਂ ਪ੍ਰਫੁੱਲਤ ਹੁੰਦੀ ਹੈ, ਜਦੋਂ ਲਹਿਰ ਦੀ ਵਾਗਡੋਰ ਇਨਕਲਾਬੀ ਸੰਘਰਸ਼ ਨੂੰ ਪ੍ਰਨਾਏ ਪੰਜਾਬੀਆਂ ਦੇ ਹੱਥ ਆਏ। ਇਸ ਹਥਿਆਰਬੰਦ ਕ੍ਰਾਂਤੀ ਲਈ ਜਿਹੜੇ ਹਰਾਵਲ ਦਸਤਾ ਬਣੇ, ਉਹ ਪਰਵਾਸੀ ਪੰਜਾਬੀ ਹੀ ਸਨ ਜਿਹੜੇ ਜਾਨ ਦੀ ਪ੍ਰਵਾਹ ਨਾ ਕਰਦਿਆਂ ਅਮਰੀਕਾ-ਕੈਨੇਡਾ ਦੀ ਧਰਤੀਆਂ ਤੋਂ ਚੱਲ ਕੇ ਜੋਸ਼ ਵਸ ਭਾਰਤ ਵਿਸ਼ੇਸ਼ ਕਰਕੇ ਪੰਜਾਬ ਦੀ ਧਰਤੀ ਵੱਲ ਚਾਲੇ ਪਾ ਦਿੱਤੇ। ਹਰਦਿਆਲ ਦੀ ਅਪ੍ਰੈਲ 1914 ਵਿਚ ਗ੍ਰਿਫ਼ਤਾਰੀ ਨਾਲ ਇਹ ਲਹਿਰ ਪਰਵਾਸੀ ਪੰਜਾਬੀਆਂ ਦੇ ਹੱਥ ਆ ਗਈ, ਜਿਨ੍ਹਾਂ ਨੇ ਸੁਨਹਿਰੀ ਭਵਿੱਖ ਲਈ ਐਸੀਆਂ ਲਾ-ਮਿਸਾਲ ਕੁਰਬਾਨੀਆਂ ਰਾਹੀਂ ਇਕ ਐਸੀ ਇਨਕਲਾਬੀ ਲੀਹ ਪਾਈ ਜਿਸ ਉੱਤੇ ਚਲਕੇ ਮਗਰੋਂ ਪੰਜਾਬ ਦੇ ਇਨਕਲਾਬੀ ਨੌਜਵਾਨਾਂ ਨੇ ਇਸ ਇਨਕਲਾਬੀ ਲੀਹ ਨੂੰ ਪੱਕਿਆ ਕੀਤਾ। ਇਨ੍ਹਾਂ ਇਨਕਲਾਬੀਆਂ ਪਿੱਛੇ ਇਨ੍ਹਾਂ ਦਾ ਇਨਕਲਾਬੀ ਵਿਰਸਾ ਵੇਖਿਆ ਜਾ ਸਕਦਾ ਹੈ ਜੋ ਪੰਜਾਬ ਦੀ ਮਿੱਟੀ ਦਾ ਅੰਗ ਬਣ ਕੇ ਇਨ੍ਹਾਂ ਦੀਆਂ ਰਗਾਂ ਵਿਚ ਵਗ ਰਿਹਾ ਸੀ, ਤਾਹੀਓਂ ਤਾਂ ਜਲਦੀ ਹੀ ਬੇਇਨਸਾਫ਼ੀ ਦੇ ਵਿਰੁੱਧ ਇਨ੍ਹਾਂ ਦੀ ਇਨਕਲਾਬੀ ਚੇਤਨਾ ਜਲਦੀ ਜਾਗ ਉੱਠੀ ਤੇ ਇਕ ਐਸੇ ਸੰਘਰਸ਼ ਦੇ ਰਾਹੇ ਜਾ ਪਈ ਜਿਸ ਦਾ ਅੰਤ ਦੇਸ਼ ਹਿੱਤ ਕੁਰਬਾਨੀ ਕਰਦਿਆਂ ਸ਼ਹਾਦਤ ਨਿਸ਼ਚਿਤ ਸੀ। ਗ਼ਦਰੀ ਕਾਰਕੁੰਨਾਂ ਦੁਆਰਾ ਉਚਾਰੀ ਗਈ ਸਿੱਧ-ਪੱਧਰੀ ਜਿਹੀ, ਰਾਜਨੀਤਕ ਚੇਤਨਾ ਵਾਲੀ ਕਵਿਤਾ ਵਿਚ ਥਾਂ-ਥਾਂ 'ਤੇ ਸਿੱਖ ਇਨਕਲਾਬੀ ਦੇ ਦਰਸ਼ਨ ਕੀਤੇ ਜਾ ਸਕਦੇ ਹਨ।[11] 'ਗ਼ਦਰ' 'ਚ ਛਪੀ 'ਪੰਥ ਅੱਗੇ ਪੁਕਾਰ' ਕਵਿਤਾ ਇਸ ਦੀ ਇਕ ਮਿਸਾਲ ਹੈ ਜਿਸ ਦੀ ਸ਼ੁਰੂਆਤ ਗ਼ਦਰੀ ਲਿਖਾਰੀ ਕੌਮੀ ਵਿਰਸੇ 'ਚੋਂ ਪੇਸ਼ ਕਰਦਾ ਇਨਕਲਾਬ ਦਾ ਜ਼ਿਕਰ ਕਰਦਾ ਹੈ:

ਜਦੋਂ ਆਪ ਗੁਰ ਪੁਰੀ ਤਿਯਾਰ ਹੋਏ। ਬੰਦਾ ਭੇਜਿਆ ਸਾਡਾ ਰਖਵਾਲ ਸਿੰਘੋ॥
ਬੰਦੇ ਆਣ ਕੇ ਰਖਿਯਾ ਖ਼ੂਬ ਕੀਤੀ। ਤਦੋਂ ਪੰਥ ਹੋਯਾ ਮਾਲੋ ਮਾਲ ਸਿੰਘੋ॥
ਜਦੋਂ ਬੰਦੇ ਨੇ ਗਮਨ ਪਰਲੋਕ ਕੀਤਾ। ਕੰਮ ਪੰਥ ਨੇ ਲਿਆ ਸੰਭਾਲ ਸਿੰਘੋ॥
ਪੰਥ ਵਿਚ ਹੋਏ ਕਈ ਸਿੰਘ ਸੂਰੇ। ਜੇਹੜੇ ਪੰਥ ਦੇ ਬਣੇ ਰਖਵਾਲ ਸਿੰਘੋ॥
ਉਨ੍ਹਾਂ ਜ਼ੁਹਦ ਮਸੀਬਤਾਂ ਝਲੀਆਂ ਸੀ। ਹਥੋਂ ਛੱਡੀ ਨਾ ਤੇਗ ਤੇ ਢਾਲ ਸਿੰਘੋ॥
ਪਿਛੋਂ ਸਿੰਘ ਰਣਜੀਤ ਨੇ ਜ਼ੋਰ ਪਾਯਾ। ਕੀਤਾ ਆਕੀਆਂ ਦਾ ਮੰਦਾ ਹਾਲ ਸਿੰਘੋ॥
ਹਰੀ ਸਿੰਘ ਵਰਗੇ ਜਰਨੈਲ ਸੂਰੇ। ਨੇਕ ਦਿਲ ਆਜ਼ਾਦ ਖਿਆਲ ਸਿੰਘੋ॥
ਫੂਲਾ ਸਿੰਘ ਅਕਾਲੀ ਸੀ ਵੱਡਾ ਸੂਰਾ। ਨਿਤ ਰੱਖਦਾ ਓਟ ਅਕਾਲ ਸਿੰਘੋ॥
ਮਾਰੇ ਪਾਪੀਆਂ ਕਰ ਖਵਾਰ ਵੀਰੋ। ਬੋਲੇ ਮੁਖੋਂ ਅਕਾਲ ਅਕਾਲ ਸਿੰਘੋ॥[12]

ਰਾਜਨੀਤਕ ਚੇਤਨਾ ਭਰਪੂਰ ਇਹ ਕਾਵਿ ਸਿਰਜਣਾ ਪੰਜਾਬੀਆਂ ਦੇ ਗੌਰਵਮਈ ਵਿਰਸੇ ਤੋਂ ਪ੍ਰੇਰਿਤ ਹੈ, ਜਿਨ੍ਹਾਂ ਵਿਚ ਇਨ੍ਹਾਂ ਦੇ ਰਚੈਤਾ ਆਮ ਲੋਕਾਂ ਨੂੰ ਮਿੰਨਤਾਂ ਤਰਲਿਆਂ ਅਤੇ ਬੇਨਤੀਆਂ ਦੀ ਥਾਂ ਜ਼ੁਲਮ ਕਰਨ ਵਾਲੇ ਖਿਲਾਫ਼ ਸ਼ਹਾਦਤ ਦਾ ਰਾਹ ਅਪਨਾਉਣਾ ਉਚਿਤ ਠਹਿਰਾਉਂਦੇ ਹਨ। ਲੋਕਾਂ ਨੂੰ ਇਸ ਪਾਸੇ ਤੋਰਨ ਲਈ ਉਹ ਇਤਿਹਾਸ ਦੇ ਸ਼ਹੀਦਾਂ ਦੀਆਂ ਮਿਸਾਲਾਂ ਪੇਸ਼ ਕਰਦੇ ਹਨ ਜੋ ਸਮੇਂ ਦੇ ਹਾਕਮਾਂ ਅੱਗੇ ਨਾ ਝੁਕਦਿਆਂ ਕੁਰਬਾਨੀਆਂ ਦੇ ਕੇ ਸਿੱਖ ਕੌਮ ਦੀਆਂ ਲੀਹਾਂ ਮਜ਼ਬੂਤ ਕਰ ਗਏ ਜਿਸ ਦਾ ਪ੍ਰਗਟਾਵਾ 'ਗ਼ਦਰ' 'ਚ ਛਪੀ ਇਹ ਜੁਝਾਰੂ ਰਚਨਾ ਹੈ :

ਜੇ ਕਰ ਅਜ ਹੁੰਦੇ ਦੀਪ ਸਿੰਘ ਵਰਗੇ, ਮੇਹਣੇ ਸਿੰਘਾਂ ਨੂੰ ਵੱਜਦੇ ਮੋੜ ਕਾਹਨੂੰ।
ਜੇ ਕਰ ਅੱਜ ਹੁੰਦੇ ਮਨੀ ਸਿੰਘ ਭਾਈ, ਹਿੰਦੋਸਤਾਨ ਹੁੰਦਾ ਭਲਾ ਚੌੜ ਕਾਹਨੂੰ।
ਲੋਕ ਆਖਦੇ ਸਿੰਘ ਏਹ ਬੜੇ ਭੈੜੇ, ਗ਼ਦਰ ਦਿੱਲੀ ਵਾਲਾ ਦਿੱਤਾ ਮੋੜ ਕਾਹਨੂੰ।
ਹੁਣ ਨੂੰ ਮੁਲਕ ਆਜ਼ਾਦੀ ਮੇ ਖੇਲਣਾ ਸੀ, ਏਹਨਾ ਘੱਤਿਆ ਸੀ ਐਡਾ ਲੋਹੜ ਕਾਹਨੂੰ।
ਅਸੀਂ ਸ਼ੇਰਾਂ ਦੇ ਪੁਤ ਹਾਂ ਸ਼ੇਰ ਮਰਦੋ, ਪਏ ਪਿੰਜਰੇ ਹੌਂਸਲੇ ਤੋੜ ਕਾਹਨੂੰ।
ਬੋਲੋ ਗੱਜ ਕੇ ਮਾਰੀਏ ਗੋਰਿਆਂ ਨੂੰ, ਬੈਠੇ ਸ਼ਰਮ ਦੀ ਲੱਜ ਨੂੰ ਤੋੜ ਕਾਹਨੂੰ।
ਹਿੰਦੋਸਤਾਨ ਦੇ ਤੀਹ ਕਰੋੜ ਬੰਦੇ, ਕਰਦੇ ਰਾਜ ਏਹ ਚਾਰ ਕਰੋੜ ਕਾਹਨੂੰ।
ਛੇਤੀ ਕਰੋ ਤਿਆਰੀਆਂ ਗ਼ਦਰ ਦੀਆਂ, ਤੁਸਾਂ ਛੱਡੀ ਹੈ ਦੇਸ਼ ਦੀ ਲੋੜ ਕਾਹਨੂੰ।[13]

'ਗ਼ਦਰ' ਦੇ ਸਾਹਿਤਾਕਰ ਅਤੇ ਪੱਤਰਕਾਰ ਕੇਵਲ ਕਲਮ ਦੇ ਧਨੀ ਹੀ ਨਹੀਂ ਸਨ ਬਲਕਿ ਕਰਨੀ ਦੇ ਪੂਰੇ ਸੂਰੇ ਸਨ। ਉਨ੍ਹਾਂ ਜੋ ਲਿਖਿਆ, ਉਸ ਤੇ ਪਹਿਰਾ ਵੀ ਦਿੱਤਾ। 'ਗ਼ਦਰ' ਦੀ ਕਵਿਤਾ, ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਚੇਤੇ ਰੱਖਣ ਤੇ ਉਨ੍ਹਾਂ ਦੇ ਨਕਸ਼ੇ ਕਦਮਾਂ ਤੇ ਚੱਲਣ ਦੇ ਪਹਿਲੂਆਂ ਨੂੰ ਬਿਆਨ ਕਰਦੀ ਹੈ। ਇਤਿਹਾਸਕ ਹਵਾਲੇ ਇਸ ਦੀ ਗਵਾਹੀ ਭਰਦੇ ਹਨ ਕਿ 16 ਨਵੰਬਰ 1915 ਨੂੰ ਸ਼ਹੀਦ ਹੋਣ ਵਾਲੇ ਕਰਤਾਰ ਸਿੰਘ ਸਰਾਭਾ ਆਪਣੇ ਸਾਥੀਆਂ ਸਣੇ ਅਕਸਰ ਹੀ ਹਵਾਲਾਤ ਅੰਦਰ, ਕੌਮੀ ਸ਼ਹੀਦਾਂ ਦਾ ਆਖ਼ਰੀ ਸੰਦੇਸ਼ਾ 'ਬੈਂਤ' ਗਾਇਆ ਕਰਦੇ ਸਨ ਜੋ ਕਿ ਸਪਤਾਹਿਕ 'ਗ਼ਦਰ' ਵਿਚ ਪ੍ਰਕਾਸ਼ਿਤ ਹੋਇਆ ਸੀ :

ਮੌਤ ਅਸਾਂ ਦੀ ਜ਼ਿੰਦਗੀ ਕੌਮ ਦੀ ਹੈ, ਫ਼ਰਜ਼ ਆਪਣਾ ਅਸਾਂ ਨਿਭਾ ਜਾਣਾ।

ਸਾਡੀ ਯਾਦ ਨੇ ਵਤਨ ਸਪੁਤਰਾਂ ਨੂੰ, ਇਸ਼ਕ ਵਤਨ ਦਾ ਅੰਤ ਨੂੰ ਲਾ ਜਾਣਾ।
ਪੁੱਤਰ ਸ਼ੇਰਾਂ ਦੇ ਗਜਿਓ ਸ਼ੇਰ ਵਾਗੂੰ, ਦੀਨਾ ਨਾਥ ਨਾ ਕਿਸੇ ਕਹਾ ਜਾਣਾ।
ਜੇਹਲਾਂ ਹੈਨ ਕਾਲਜ ਵਤਨ-ਸੇਵਕਾਂ ਦੇ, ਇਥੇ ਆਪਨਾ ਨਾਮ ਲਿਖਾ ਜਾਣਾ।
ਸੰਨਦ ਮਿਲੇ ਫਾਂਸੀ ਇਸ ਸਕੂਲ ਵਿਚੋਂ, ਇਥੋਂ ਪਾਸ ਹੋਇਆ ਕੀ ਖਤਾ ਜਾਣਾ।
ਹੁੰਦੇ ਫੇਲ ਬਹੁਤੇ ਐਪਰ ਪਾਸ ਥੋੜੇ, ਵਤਨ ਵਾਲਿਓ ਚਿਤ ਨਾ ਚਾ ਜਾਣਾ।
ਹਿੰਦੋਸਤਾਨ ਸਾਡਾ ਅਸੀਂ ਹਿੰਦ ਵਾਸੀ, ਸਬਕ ਬੱਚਿਆਂ ਨੂੰ ਇਹ ਸਿਖਾ ਜਾਣਾ।
ਪਿਆਰੇ 'ਪਰੀਤਮਾ' ਚਲੇ ਹਾਂ ਅਸੀਂ ਜਿਥੇ, ਏਸੇ ਰਾਸਤੇ ਤੁਸਾਂ ਭੀ ਆ ਜਾਣਾ।[14]

'ਗ਼ਦਰ' ਵਿਚ ਪ੍ਰਕਾਸ਼ਿਤ ਸਾਹਿਤ ਦਾ ਵਿਦੇਸ਼ਾਂ ਅਤੇ ਦੇਸ਼ ਵਿਚਲੇ ਪੰਜਾਬੀਆਂ ਤੇ ਅਜਿਹਾ ਅਸਰ ਪਿਆ ਕਿ ਸਮਾਜ 'ਚ ਕੋਹੜ ਬਣ ਕੇ ਫੈਲ ਰਹੇ ਜਾਤ-ਪਾਤ ਦੇ ਜ਼ਹਿਰ ਨੂੰ ਖ਼ਤਮ ਕਰਨ ਲਈ ਇਹ ਸਮਾਚਾਰ ਪੱਤਰ ਦਵਾ ਹੋ ਨਿਬੜਿਆ।ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਆਜ਼ਾਦੀ ਲਈ ਮਰ ਮਿਟਣ ਅਤੇ ਅਣਖ ਦੀ ਜ਼ਿੰਦਗੀ ਜੀਣ ਬਾਰੇ ਹਵਾਲੇ ਲੈ ਕੇ ਛਾਪੇ ਜਾਂਦੇ। 'ਗ਼ਦਰ' ਸਮਾਚਾਰ ਪੱਤਰ ਦੇ ਪੱਤਰਕਾਰਾਂ ਦੀਆਂ ਰਚਨਾਵਾਂ ਪੜ੍ਹਣ ਲਈ ਕੈਨੇਡਾ ਤੇ ਅਮਰੀਕਾ 'ਚ ਰਹਿੰਦੇ ਪੰਜਾਬੀਆਂ ਨੇ ਹੀ ਗੁਰਮੁਖੀ ਲਿੱਪੀ ਨਹੀਂ ਸਿੱਖੀ ਬਲਕਿ ਭਾਰਤ ਅੰਦਰ ਵੀ ਵੱਖ-ਵੱਖ ਹਿੱਸਿਆਂ 'ਚ 'ਗ਼ਦਰ' ਪ੍ਰਤੀ ਉਤਸ਼ਾਹ ਵਿਖਾਉਂਦਿਆਂ, ਬਹੁਤ ਸਾਰੇ ਲੋਕਾਂ ਨੇ ਪੰਜਾਬੀ ਜ਼ੁਬਾਨ ਸਿੱਖੀ। ਇਸ ਸਮਾਚਾਰ ਪੱਤਰ ਦੇ ਇਨਕਲਾਬੀ ਹਲੂਣੇ ਮਗਰੋਂ ਬਾਹਰਲੇ ਦੇਸ਼ਾਂ ਵਿਚ ਬੈਠੇ ਸੂਰਬੀਰਾਂ ਅੰਦਰ ਇਕਮੁੱਠਤਾ ਦੀ ਭਾਵਨਾ ਪੈਦਾ ਹੋਈ ਅਤੇ ਉਨ੍ਹਾਂ ਆਪਣਾ ਆਦਰਸ਼ ਭਾਰਤ ਅੰਦਰੋਂ ਬਰਤਾਨਵੀ ਸਾਮਰਾਜ ਦੀ ਗ਼ੁਲਾਮੀ ਖਤਮ ਕਰਕੇ 'ਲੋਕ-ਰਾਜ' ਕਾਇਮ ਕਰਨਾ ਮਿੱਥ ਲਿਆ। ਸਮਾਚਾਰ ਪੱਤਰ ਦੇ ਹਰੇਕ ਅੰਕ ਵਿਚ ਆਜ਼ਾਦੀ ਦੀ ਲਹਿਰ ਦੀ ਗੱਲ ਕੀਤੀ ਗਈ ਅਤੇ ਇਸ ਦੇ ਰਾਹ ਵਿਚ ਰੁਕਾਵਟ ਪੈਦਾ ਕਰਨ ਵਾਲਿਆਂ ਨੂੰ ਸੋਧਣ ਦੀ ਵਕਾਲਤ ਵੀ ਕੀਤੀ ਗਈ। ਇਸ ਦੇ ਨਾਲ ਹੀ ਵਿਦੇਸ਼ਾਂ ਵਿਚ ਵਸਦੇ ਪਰਵਾਸੀਆਂ ਨੂੰ ਦੇਸ਼ ਵਾਪਸ ਜਾ ਕੇ ਇਨਕਲਾਬ ਸ਼ੁਰੂ ਕਰਨ ਅਤੇ ਲੋਕਾਂ ਨੂੰ ਲਾਮਬੰਦ ਕਰਨ ਦਾ ਸੁਨੇਹਾ ਦਿੱਤਾ ਗਿਆ। ਦੇਸ਼ ਵਾਸੀਆਂ ਅੰਦਰ ਪਰਾਈ ਧਰਤੀ 'ਤੇ ਗ਼ੁਲਾਮਾਂ ਵਾਲੀ ਜ਼ਿੰਦਗੀ ਕਾਰਨ ਹੁੰਦੀਆਂ ਦੁਸ਼ਵਾਰੀਆਂ ਨੂੰ ਬਿਆਨ ਕਰਦਿਆਂ, 'ਗ਼ਦਰ' ਨੇ ਬ੍ਰਿਟਿਸ਼ ਸਾਮਰਾਜ ਦੀਆਂ ਜੜ੍ਹਾਂ ਪੁੱਟਣ ਦਾ ਪ੍ਰਣ ਕੀਤਾ। 'ਗ਼ਦਰ' ਵਿਦੇਸ਼ੀ ਪੰਜਾਬੀ ਪੱਤਰਕਾਰੀ ਦਾ 'ਬਾਬਾ ਬੋਹੜ' ਕਿਹਾ ਜਾ ਸਕਦਾ ਹੈ। ਸਿੱਖ ਵਿਰਸੇ ਦੀਆਂ ਸ਼ਹੀਦੀ ਪਰੰਪਰਾਵਾਂ ਦਾ ਗ਼ਦਰ ਲਹਿਰ ਦੀ ਪੱਤਰਕਾਰੀ ਤੋਂ ਇਲਾਵਾ ਦੇਸ਼ ਵਿਚਲੀ ਪੰਜਾਬੀ ਪੱਤਰਕਾਰੀ 'ਤੇ ਵੀ ਡੂੰਘਾ ਪ੍ਰਭਾਵ ਪਿਆ।

1 ਗੁਰਚਰਨ ਸਿੰਘ ਸੈਂਸਰਾ, **ਗ਼ਦਰ ਪਾਰਟੀ ਦਾ ਇਤਿਹਾਸ**, ਪੰਨਾ 16.

2 ਹੀਰਾ ਸਿੰਘ ਦਰਦ, **ਪੰਜਾਬੀ ਦੁਨੀਆਂ**, ਫਰਵਰੀ 1960ਪੰਨਾ 14-15.

3 ਸਪਤਾਹਿਕ ਪੱਤਰ **ਗ਼ਦਰ**, 23 ਦਸੰਬਰ 1913.

4 ਉਹੀ, 17 ਜਨਵਰੀ 1915.

5 ਅਮਰਜੀਤ ਸਿੰਘ, **ਗ਼ਦਰ ਲਹਿਰ ਦੀ ਕਵਿਤਾ ਦੇ ਸਮਾਜੀ ਤੇ ਸਿਆਸੀ ਸਰੋਕਾਰ**, ਪੰਨਾ 73.

6. ਸਮਾਚਾਰ ਪੱਤਰ **ਗ਼ਦਰ**, ਦਸੰਬਰ 1913.

7. ਉਹੀ, ਜੁਲਾਈ 1914.

8 ਨਵਜੀਤ ਜੌਹਲ, **ਵਿਦੇਸ਼ੀ ਪੰਜਾਬੀ ਪੱਤਰਕਾਰੀ ਦੇ ਦੋ ਦੌਰ : ਇਕ ਤੁਲਨਾਤਮਕ ਅਧਿਐਨ**, 'ਪਰਵਾਸੀ ਪੰਜਾਬੀ ਸਾਹਿਤ ਵਿਸ਼ੇਸ਼ ਅੰਕ 40', ਖੋਜ ਪਤ੍ਰਿਕਾ, ਪੰਨਾ 127.

9 ਦੇਸ਼ ਭਗਤਾਂ ਦੀ ਬਾਣੀ **ਗ਼ਦਰ ਦੀ ਗੂੰਜ**, ਨੰ.੨, 1916, ਪੰਨਾ 31, ਦੇਖੋ ਅੰਤਿਕਾ 2.4

10 **ਗ਼ਦਰ**, ਕੇਸਰ ਸਿੰਘ ਠੱਠ ਗੜ੍ਹ, ਕਵਿਤਾ 'ਬਣੀ ਸਿਰ ਸ਼ੇਰਾਂ'।

11 ਅਮਰਜੀਤ ਸਿੰਘ, **ਗ਼ਦਰ ਲਹਿਰ ਦੀ ਕਵਿਤਾ ਦੇ ਸਮਾਜੀ ਤੇ ਸਿਆਸੀ ਸਰੋਕਾਰ**, ਪੰਨਾ 34-35.

12 ਸਮਾਚਾਰ ਪੱਤਰ **ਗ਼ਦਰ**, ਕਵਿਤਾ 'ਪੰਥ ਦੀ ਪੁਕਾਰ', ਜਨਵਰੀ 1914.

13 ਉਹੀ, ਜਨਵਰੀ 1914.

14 ਗ਼ਦਰ ਕਵਿਤਾ, ਕੌਮੀ ਸ਼ਹੀਦਾਂ ਦਾ ਆਖਰੀ ਸੰਦੇਸ਼, 29 ਮਾਰਚ 1915.